

# DIVERSECITY ਮਹੱਤਵ ਰੱਖਦੀ ਹੈ

## ਮੈਟਰੋ ਵੈਨਕੂਵਰ ਵਿਚ ਲੀਡਰਸ਼ਿਪ ਵਿਚ ਵੰਨ-ਸੁਵੰਨਤਾ ਦੀ ਇਕ ਝਲਕ

## ਪ੍ਰਬੰਧਕੀ ਸੰਖੇਪ

ਜੁਲਾਈ 2011

DIVERSECITY COUNTS:
A SNAPSHOT OF DIVERSITY IN LEADERSHIP IN METRO VANCOUVER

COVER PHOTOGRAPHY: MARK MCHOLM

THIS PROJECT IS A COLLABORATION OF SPARC BC AND THE DIVERSITY INSTITUTE IN MANAGEMENT AND TECHNOLOGY AT RYERSON UNIVERSITY. FUNDING FOR THE PROJECT IS PROVIDED BY THE GOVERNMENT OF CANADA AND THE PROVINCE OF BRITISH COLUMBIA.

© JULY 2011

SOCIAL PLANNING AND
RESEARCH COUNCIL OF BC
4445 NORFOLK STREET
BURNABY, BC V5G 0A7

WWW.SPARC.BC.CA
INFO@SPARC.BC.CA
TEL: 604-718-7733

SPARC BC OFFICES ARE LOCATED
WITHIN THE TRADITIONAL TERRITORY
OF THE COAST SALISH PEOPLE.

# ਪ੍ਰੋਜੈਕਟ ਦੀ ਰੂਪ ਰੇਖਾ

ਇਹ ਖੋਜ ਸਟੱਡੀ ਮੈਟਰੋ ਵੈਨਕੂਵਰ ਵਿਚ ਅੱਗੇ ਲਿਖੇ ਖੇਤਰਾਂ ਵਿਚ ਸੀਨੀਅਰ ਲੀਡਰਸ਼ਿਪ ਅਤੇ ਪ੍ਰਬੰਧਕੀ ਅਹੁਦਿਆਂ 'ਤੇ ਘੱਟ ਗਿਣਤੀ ਵਾਲੇ ਲੋਕਾਂ[1] ਦੀ ਗਿਣਤੀ ਬਾਰੇ ਰਿਪੋਰਟ ਪੇਸ਼ ਕਰਦੀ ਹੈ: ਚੁਣੇ ਜਾਣ ਵਾਲੇ ਅਹੁਦੇ, ਸਕੂਲ ਜਿਲ੍ਹੇ, ਪੋਸਟ-ਸੈਕੰਡਰੀ ਸੰਸਥਾਵਾਂ, ਸਰਕਾਰੀ ਏਜੰਸੀਆਂ, ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੰਸਥਾਵਾਂ, ਸਥਾਨਕ ਸਰਕਾਰ, ਪੁਲੀਸ ਡਿਟੈਚਮੈਂਟਾਂ ਅਤੇ ਕਾਰਪੋਰੇਟ ਸੈਕਟਰ।

ਖੋਜ ਦਾ ਇਹ ਤਰੀਕਾ ਰਾਇਰਸਨ ਯੂਨੀਵਰਸਿਟੀ ਦੀ ਡਾਇਵਰਸਿਟੀ ਇੰਸਟੀਚਿਊਟ ਵਲੋਂ ਕੀਤੀ ਗਈ *ਡਾਇਵਰਸਸਿਟੀ ਕਾਊਂਟਸ: ਏ ਸਨੈਪਸ਼ੌਟ ਆਫ ਡਾਇਵਰਸਟੀ ਇਨ ਦਾ ਗਰੇਟਰ ਟੋਰਾਂਟੋ ਏਰੀਆ* ਨਾਂ ਦੀ ਸਟੱਡੀ ਤੋਂ ਅਪਣਾਇਆ ਗਿਆ ਹੈ।

ਇਸ ਸਟੱਡੀ ਦੇ ਮੰਤਵ ਲਈ, ਅਸੀਂ ਮੁੱਖ ਤੌਰ 'ਤੇ ਮੈਟਰੋ ਵੈਨਕੂਵਰ ਦੇ ਉਨ੍ਹਾਂ ਸ਼ਹਿਰਾਂ ਨੂੰ ਕੇਂਦਰ ਬਣਾਇਆ ਹੈ ਜਿਨ੍ਹਾਂ ਵਿਚ ਘੱਟ ਗਿਣਤੀ ਲੋਕਾਂ ਦੀ ਪ੍ਰਤੀਸ਼ਤ ਅਤੇ ਗਿਣਤੀ ਜ਼ਿਆਦਾ ਹੈ ਜਿਨ੍ਹਾਂ ਦੇ ਨਾਂ ਹਨ: ਰਿਚਮੰਡ, ਬਰਨਬੀ, ਵੈਨਕੂਵਰ, ਸਰੀ ਅਤੇ ਕੋਕੁਟਲਿਮ। ਇਨ੍ਹਾਂ ਮਿਊਂਸਪਿਲਟੀਆਂ ਦੀ ਕੁੱਲ ਆਬਾਦੀ 1.5 ਮਿਲੀਅਨ ਦੇ ਨੇੜੇ ਹੈ ਜਾਂ ਮੈਟਰੋ ਵੈਨਕੂਵਰ ਦੀ ਆਬਾਦੀ ਦਾ ਤਕਰੀਬਨ 70% ਹੈ। ਇਨ੍ਹਾਂ ਪੰਜ (5) ਮਿਊਂਸਪਿਲਟੀਆਂ ਵਿਚ ਘੱਟ ਗਿਣਤੀ ਲੋਕਾਂ ਦੀ ਆਬਾਦੀ ਕੁੱਲ ਆਬਾਦੀ ਦਾ ਅੱਧ ਤੋਂ ਜ਼ਿਆਦਾ (51%) ਬਣਦੀ ਹੈ। ਘੱਟ ਗਿਣਤੀ ਦੇ ਅਜਿਹੇ ਲੋਕਾਂ ਦੇ ਸਥਾਨਕ ਤੌਰ 'ਤੇ ਕਾਮਯਾਬ ਹੋਣ ਦੀਆਂ ਬਹੁਤ ਸਾਰੀਆਂ ਕਹਾਣੀਆਂ ਹਨ ਜਿਹੜੇ ਆਪਣੇ ਖੇਤਰਾਂ ਵਿਚ ਸੀਨਅਰ ਲੀਡਰਸ਼ਿਪ ਦੇ ਅਹੁਦਿਆਂ 'ਤੇ ਹਨ। ਇਸ ਪ੍ਰੋਜੈਕਟ ਦੇ ਹਿੱਸੇ ਵਜੋਂ, ਸਾਡੀ ਖੋਜ ਟੀਮ ਸਾਡੇ ਇਲਾਕੇ ਦੇ ਕੁਝ ਸਥਾਨਕ ਲੀਡਰਾਂ ਨੂੰ ਮਿਲੀ ਅਤੇ ਉਨ੍ਹਾਂ ਨੂੰ ਕਾਮਯਾਬੀ ਦੀ ਕੁੰਜੀ ਅਤੇ ਇੱਛਾਵਾਨ ਲੀਡਰਾਂ ਲਈ ਸਲਾਹ ਸਾਂਝੀ ਕਰਨ ਲਈ ਕਿਹਾ। ਖੋਜ ਰਿਪੋਰਟ ਉਨ੍ਹਾਂ ਦੀ ਕਾਮਯਾਬੀ ਦੀਆਂ ਕਹਾਣੀਆਂ ਸਾਂਝੀਆਂ ਕਰਦੀ ਹੈ।

ਮੈਟਰੋ ਵੈਨਕੂਵਰ ਦੇ ਇਲਾਕੇ ਵਿਚ, ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਨੇ ਵੰਨ-ਸੁਵੰਨਤਾ ਦੀ ਹਿਮਾਇਤ ਕਰਨ ਨੂੰ ਆਪਣੀ ਸੰਸਥਾ ਦਾ ਉਦੇਸ਼ ਬਣਾਇਆ ਹੈ ਅਤੇ ਕੁਝ ਸੰਸਥਾਵਾਂ ਨੂੰ ਤਾਂ ਸਲਾਨਾ ਮੁਕਾਬਲੇ ਵਿਚ ਕੈਨੇਡਾ ਦੇ ਸਭ ਤੋਂ ਵਧੀਆ ਵੰਨ-ਸੁਵੰਨਤਾ ਵਾਲੇ ਇਮਪਲੌਏਅਰਾਂ ਵਜੋਂ ਮਾਨਤਾ ਦਿੱਤੀ ਗਈ ਹੈ। ਰਿਪੋਰਟ ਵਿਚ ਅਜਿਹੀਆਂ ਸਥਾਨਕ ਸੰਸਥਾਵਾਂ ਅਤੇ ਕਾਰੋਬਾਰਾਂ ਦੀ ਕੇਸ ਸਟੱਡੀਜ਼ ਦਿੱਤੀਆਂ ਗਈਆਂ ਹਨ ਜਿਹੜੇ ਆਪਣੇ ਕੰਮ ਵਾਲੀਆਂ ਥਾਂਵਾਂ ਅਤੇ ਪ੍ਰਬੰਧਕੀ ਢਾਂਚਿਆਂ ਨੂੰ ਵੰਨ-ਸੁਵੰਨੇ ਪਿਛੋਕੜਾਂ ਵਾਲੇ ਲੋਕਾਂ ਦਾ ਜ਼ਿਆਦਾ ਸੁਆਗਤ ਕਰਨ ਅਤੇ ਉਨ੍ਹਾਂ ਨੂੰ ਸ਼ਾਮਲ ਕਰਨ ਲਈ ਕਦਮ ਚੁੱਕ ਰਹੇ ਹਨ। ਇਹ ਰਿਪੋਰਟ ਉਨ੍ਹਾਂ ਸਭ ਤੋਂ ਵਧੀਆ ਅਮਲਾਂ ਦਾ ਸੰਖੇਪ ਵੀ ਸ਼ਾਮਲ ਕਰਦੀ ਹੈ ਜਿਹੜੇ ਵੰਨ-ਸੁਵੰਨਤਾ ਵਾਲੀ ਮੈਨੇਜਮੈਂਟ ਦੇ ਖੇਤਰ ਵਿਚ ਉੱਭਰ ਰਹੇ ਰੁਝਾਨਾਂ ਤੋਂ ਗ੍ਰਹਿਣ ਕੀਤੇ ਗਏ ਹਨ।

---

1 ਕੈਨੇਡੀਅਨ ਇਮਪਲੌਏਮੈਂਟ ਐਕਟ ਘੱਟ ਗਿਣਤੀ ਵਾਲੇ ਲੋਕਾਂ ਦੀ ਪ੍ਰੀਭਾਸ਼ਾ "ਅਬਰਿਜਨਲ ਲੋਕਾਂ ਤੋਂ ਬਿਨਾਂ ਉਹ ਹੋਰ ਲੋਕ ਜਿਹੜੇ ਗੋਰੀ ਨਸਲ ਦੇ ਨਹੀਂ ਹਨ ਜਾਂ ਰੰਗ ਵਜੋਂ ਗੈਰ-ਗੋਰੇ ਹਨ" ਵਜੋਂ ਦਿੰਦਾ ਹੈ। ਉਦਾਹਰਣਾਂ ਵਿਚ ਸ਼ਾਮਲ ਹਨ: ਚਾਇਨੀਜ਼, ਦੱਖਣੀ ਏਸ਼ੀਅਨ, ਫਿਲੀਪੀਨੋ, ਲਾਤੀਨੀ ਅਮਰੀਕਨ, ਦੱਖਣੀ ਪੂਰਬੀ ਏਸ਼ੀਅਨ, ਅਰਬ, ਪੱਛਮੀ ਏਸ਼ੀਅਨ, ਕੋਰੀਅਨ, ਜਪਾਨੀ, ਰਲਮਿਲੇ ਅਤੇ ਹੋਰ ਘੱਟ ਗਿਣਤੀ ਵਾਲੇ ਲੋਕ।

# ਮੈਟਰੋ ਵੈਨਕੂਵਰ ਵਿਚ ਸੀਨੀਅਰ ਲੀਡਰਸ਼ਿਪ ਦੇ ਅਹੁਦਿਆਂ 'ਤੇ ਘੱਟ ਗਿਣਤੀ ਵਾਲੇ ਲੋਕ

| ਖੇਤਰ | ਵਿਸ਼ਲੇਸ਼ਣ ਕੀਤੇ ਗਏ ਵਿਅਕਤੀਆਂ ਦੀ ਗਿਣਤੀ | ਘੱਟ ਗਿਣਤੀ ਵਾਲੇ ਲੀਡਰਾਂ ਦੀ ਗਿਣਤੀ | ਘੱਟ ਗਿਣਤੀ ਵਾਲੇ ਲੀਡਰਾਂ ਦੀ % | ਖੇਤਰ ਵਿਚ ਘੱਟ ਗਿਣਤੀਆਂ ਦੀ ਔਸਤ % |
|---|---|---|---|---|
| **ਚੁਣੇ ਗਏ ਅਧਿਕਾਰੀ** | | | | **26%** |
| ਸਕੂਲ ਬੋਰਡ ਟਰੱਸਟੀ | 33 | 10 | 30% | |
| ਮਿਊਂਸਪਲ ਕੌਂਸਲਰ | 46 | 10 | 22% | |
| ਵਿਧਾਨ ਸਭਾ ਦੇ ਮੈਂਬਰ | 40 | 10 | 25% | |
| ਪਾਰਲੀਮੈਂਟ ਦੇ ਮੈਂਬਰ | 19 | 6 | 32% | |
| **ਸਰਕਾਰੀ ਖੇਤਰ ਦੇ ਪ੍ਰਬੰਧਕ** | | | | **7%** |
| ਮਿਊਂਸਪਲ ਅਤੇ ਇਲਾਕਾਈ ਪ੍ਰਬੰਧਕ | 29 | 2 | 7% | |
| ਸੀਨੀਅਰ ਪੁਲੀਸ ਲੀਡਰ | 25 | 2 | 8% | |
| ਕਾਰਪੋਰੇਟ ਸੈਕਟਰ | | | | **10%** |
| ਬੋਰਡਜ਼ ਆਫ ਡਾਇਰੈਕਟਰਜ਼ | 372 | 30 | 8% | |
| ਸੀਨੀਅਰ ਪ੍ਰਬੰਧਕ | 537 | 59 | 11% | |
| **ਵਾਲੰਟੀਅਰੀ ਖੇਤਰ (ਬਿਨਾਂ-ਮੁਨਾਫੇ ਵਾਲੇ)** | | | | **13%** |
| ਬੋਰਡਜ਼ ਆਫ ਡਾਇਰੈਕਟਰਜ਼ | 275 | 28 | 10% | |
| ਸੀਨੀਅਰ ਪ੍ਰਬੰਧਕ | 134 | 27 | 20% | |
| **ਪੜ੍ਹਾਈ** | | | | **12%** |
| ਸਕੂਲ ਜਿਲ੍ਹੇ | | | | |
| ਸੁਪਰਇਨਟੈਨਡੈਂਟ | 3 | 0 | 0% | |
| ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ | 485 | 53 | 11% | |
| ਕਾਲਜ | | | | |
| ਬੋਰਡਜ਼ ਆਫ ਗਵਰਨਰਜ਼ | 41 | 8 | 20% | |
| ਪ੍ਰਬੰਧਕ | 20 | 2 | 10% | |
| ਯੂਨੀਵਰਸਿਟੀਆਂ | | | | |
| ਬੋਰਡ ਆਫ ਗਵਰਨਰਜ਼ | 73 | 12 | 16% | |
| ਸੀਨੀਅਰ ਪ੍ਰਬੰਧਕ | 28 | 2 | 7% | |
| **ਸਰਕਾਰੀ ਏਜੰਸੀਆਂ** | | | | **11%** |
| ਬੀ ਸੀ ਸੂਬੇ ਦੀਆਂ ਏਜੰਸੀਆਂ ਅਤੇ ਬੋਰਡ | 114 | 13 | 11% | |
| **ਵਿਸ਼ਲੇਸ਼ਣ ਕੀਤੇ ਗਏ ਕੁੱਲ ਲੀਡਰ** | **2274** | **274** | **12%** | **12%** |

# ਹੱਥੋਂ ਖੁੰਝ ਗਿਆ ਮੌਕਾ: ਘੱਟ ਗਿਣਤੀ ਲੋਕਾਂ ਦੀ ਲੀਡਰਸ਼ਿਪ ਵਿਚ ਘੱਟ ਨੁਮਾਇੰਦਗੀ

ਘੱਟ ਗਿਣਤੀਆਂ ਦੇ ਲੋਕਾਂ ਦੀ ਮੈਟਰੋ ਵੈਨਕੂਵਰ ਵਿਚ ਸੀਨੀਅਰ ਲੀਡਰਸ਼ਿਪ ਦੇ ਅਹੁਦਿਆਂ 'ਤੇ ਘੱਟ ਨੁਮਾਇੰਦਗੀ ਹੈ। ਜਿਵੇਂ ਕਿ ਪਿਛਲੇ ਸਫੇ ਦੇ ਖਾਨੇ ਵਿਚ ਦੇਖਿਆ ਗਿਆ ਹੈ, ਇਸ ਸਟੱਡੀ ਵਿਚ 2274 ਲੀਡਰਾਂ ਦਾ ਅਧਿਐਨ ਕੀਤਾ ਗਿਆ ਜਿਨ੍ਹਾਂ ਵਿੱਚੋਂ 12% ਘੱਟ ਗਿਣਤੀ ਪਿਛੋਕੜ ਤੋਂ ਸਨ।

ਘੱਟ ਗਿਣਤੀ ਦੇ ਲੋਕਾਂ ਦੀ ਵੱਧ ਤੋਂ ਵੱਧ ਨੁਮਾਇੰਦਗੀ ਵਾਲਾ ਖੇਤਰ ਚੁਣੇ ਗਏ ਅਧਿਕਾਰੀਆਂ ਵਾਲਾ ਖੇਤਰ ਹੈ ਜਿਸ ਵਿਚ ਘੱਟ ਗਿਣਤੀ ਲੋਕ ਚੁਣੇ ਗਏ ਲੀਡਰਾਂ ਦਾ 26% ਬਣਦੇ ਹਨ। ਅਗਲਾ ਵੱਧ ਤੋਂ ਵੱਧ ਨੁਮਾਇੰਦਗੀ ਵਾਲਾ ਖੇਤਰ ਵਾਲੰਟੀਅਰੀ ਸੈਕਟਰ ਸੀ, ਜਿਸ ਵਿਚ 13% ਸੀਨੀਅਰ ਲੀਡਰ ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ।

ਚੁਣੇ ਗਏ ਅਧਿਕਾਰੀਆਂ ਦੇ ਖੇਤਰ ਵਿਚ, ਨੁਮਾਇੰਦਗੀ ਦਾ ਸਭ ਤੋਂ ਵੱਡਾ ਪੱਧਰ ਪਾਰਲੀਮੈਂਟ ਦੇ ਮੈਂਬਰਾਂ (ਐੱਮ ਪੀਜ਼) ਦਾ ਹੈ ਜਿੱਥੇ 32% ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ, ਅਤੇ ਸਕੂਲ ਬੋਰਡ ਦੇ ਟਰੱਸਟੀ 30%, ਸੂਬਾਈ ਵਿਧਾਨ ਸਭਾ ਦੇ ਮੈਂਬਰ (ਐੱਮ ਐੱਲ ਏਜ਼) 25% ਅਤੇ ਮਿਊਂਸਪਲ ਕੌਂਸਲਰ 22% ਹਨ।

ਸਰਕਾਰੀ ਸਰਵਿਸ ਦੇ ਖੇਤਰ ਵਿਚ ਜਿਨ੍ਹਾਂ ਲੀਡਰਾਂ ਦਾ ਅਧਿਐਨ ਕੀਤਾ ਗਿਆ, ਉਨ੍ਹਾਂ ਵਿੱਚੋਂ 7% ਸੀਨੀਅਰ ਲੀਡਰ ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ। ਜਿਹੜੀਆਂ ਲੋਕਲ ਅਤੇ ਇਲਾਕਾਈ ਸਰਕਾਰਾਂ ਨੂੰ ਇਸ ਸਟੱਡੀ ਵਿਚ ਸ਼ਾਮਲ ਕੀਤਾ ਗਿਆ, ਉਨ੍ਹਾਂ ਵਿੱਚੋਂ 7% ਸੀਨੀਅਰ ਮਿਊਂਸਪਲ ਅਤੇ ਇਲਾਕਾਈ ਲੀਡਰ ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ। ਜਿਨ੍ਹਾਂ ਪੁਲੀਸ ਡਿਟੈਚਮੈਂਟਾਂ ਦਾ ਇਸ ਸਟੱਡੀ ਵਿਚ ਅਧਿਐਨ ਕੀਤਾ ਗਿਆ, ਉਨ੍ਹਾਂ ਵਿੱਚੋਂ 8% ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ।

ਇਸ ਪ੍ਰੋਜੈਕਟ ਵਿਚ ਜਿਨ੍ਹਾਂ ਵੱਡੀਆਂ ਕਾਰਪੋਰੇਸ਼ਨਾਂ ਦਾ ਅਧਿਐਨ ਕੀਤਾ ਗਿਆ, ਉਨ੍ਹਾਂ ਵਿਚ ਸੀਨੀਅਰ ਲੀਡਰਸ਼ਿਪ ਦੇ ਅਹੁਦਿਆਂ 'ਤੇ 10% ਘੱਟ ਗਿਣਤੀ ਦੇ ਪਿਛੋਕੜ ਵਾਲੇ ਵਿਅਕਤੀ ਸਨ। ਸੀਨੀਅਰ ਮੈਨੇਜਮੈਂਟ ਦੇ ਪ੍ਰਬੰਧਕਾਂ ਵਿਚਾਲੇ ਨੁਮਾਇੰਦਗੀ ਦਾ ਪੱਧਰ ਥੋੜ੍ਹਾ ਜਿਹਾ ਜ਼ਿਆਦਾ ਸੀ ਜਿੱਥੇ ਬੋਰਡ ਮੈਂਬਰਾਂ ਦੀ 8% ਦੀ ਤੁਲਨਾ ਵਿਚ 11% ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ।

ਇਸ ਪ੍ਰੋਜੈਕਟ ਵਿਚ ਜਿਨ੍ਹਾਂ ਵੱਡੀਆਂ ਵਾਲੰਟੀਅਰੀ ਖੇਤਰ ਦੀਆਂ ਸੰਸਥਾਵਾਂ ਦਾ ਅਧਿਐਨ ਕੀਤਾ ਗਿਆ (ਜਿਵੇਂ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੰਸਥਾਵਾਂ, ਦਾਨੀ ਸੰਸਥਾਵਾਂ ਅਤੇ ਫਾਊਂਡੇਸ਼ਨਾਂ), ਉਨ੍ਹਾਂ ਵਿਚ ਸੀਨੀਅਰ ਲੀਡਰਸ਼ਿਪ ਦੇ ਅਹੁਦਿਆਂ 'ਤੇ 13% ਘੱਟ ਗਿਣਤੀ ਦੇ ਪਿਛੋਕੜ ਵਾਲੇ ਵਿਅਕਤੀ ਸਨ। ਸੀਨੀਅਰ ਪ੍ਰਬੰਧਕਾਂ ਵਿਚਾਲੇ ਨੁਮਾਇੰਦਗੀ ਦੇ ਪੱਧਰ ਬੋਰਡਜ਼ ਆਫ ਡਾਇਰੈਕਟਰਜ਼ (10%) ਦੇ ਮੁਕਾਬਲੇ ਜ਼ਿਆਦਾ ਸਨ (20%)।

ਪੜ੍ਹਾਈ ਦੇ ਖੇਤਰ ਵਿਚ ਘੱਟ ਗਿਣਤੀ ਦੇ ਲੋਕਾਂ ਦੀ ਨੁਮਾਇੰਦਗੀ ਦਾ ਸਮੁੱਚਾ ਪੱਧਰ 12% ਸੀ। ਇਸ ਸਟੱਡੀ ਵਿਚ ਸ਼ਾਮਲ ਕੀਤੇ ਗਏ ਕਾਲਜਾਂ ਵਿਚ, ਬੋਰਡਜ਼ ਆਫ ਗਵਰਨਰਜ਼ ਦਾ 20% ਅਤੇ ਸੀਨੀਅਰ ਮੈਨੇਜਮੈਂਟ ਦੇ ਪ੍ਰਬੰਧਕਾਂ ਦਾ 10% ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ। ਮੈਟਰੋ ਵੈਨਕੂਵਰ ਦੀਆਂ ਯੂਨੀਵਰਸਿਟੀਆਂ ਵਿਚ, ਬੋਰਡਜ਼ ਆਫ ਗਵਰਨਰਜ਼ ਦਾ 16% ਅਤੇ ਸੀਨੀਅਰ ਮੈਨੇਜਮੈਂਟ ਦੇ ਪ੍ਰਬੰਧਕਾਂ ਦਾ 7% ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ। ਇਸ ਪ੍ਰੋਜੈਕਟ ਵਿਚ ਜਿਨ੍ਹਾਂ ਸਕੂਲ ਜ਼ਿਲ੍ਹਿਆਂ ਦਾ ਅਧਿਐਨ ਕੀਤਾ ਗਿਆ, ਉਨ੍ਹਾਂ ਵਿੱਚੋਂ 11% ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਘੱਟ ਗਿਣਤੀ ਦੇ ਲੋਕਾਂ ਦੇ ਮੈਂਬਰ ਸਨ।

ਇਸ ਪ੍ਰੋਜੈਕਟ ਨੇ ਸੂਬਾਈ ਸਰਕਾਰ ਦੇ ਵੱਡੇ ਬੋਰਡਾਂ ਅਤੇ ਏਜੰਸੀਆਂ ’ਤੇ ਸਰਕਾਰ ਵਲੋਂ ਕੀਤੀਆਂ ਨਿਯੁਕਤੀਆਂ ਦਾ ਵੀ ਅਧਿਐਨ ਕੀਤਾ। ਇਸ ਸਟੱਡੀ ਵਿਚ ਜਿਨ੍ਹਾਂ ਨਿਯੁਕਤ ਕੀਤੇ ਗਏ ਮੈਂਬਰਾਂ ਦਾ ਅਧਿਐਨ ਕੀਤਾ ਗਿਆ, ਉਨ੍ਹਾਂ ਵਿੱਚੋਂ 11% ਘੱਟ ਗਿਣਤੀ ਵਾਲੇ ਪਿਛੋਕੜ ਵਿੱਚੋਂ ਆਏ।

## ਵੰਨ-ਸੁਵੰਨੀ ਲੀਡਰਸ਼ਿਪ ਦੇ ਫਾਇਦੇ ਅਤੇ ਹਾਂਪੱਖੀ ਤਬਦੀਲੀ ਲਈ ਵਿਚਾਰ

ਲੀਡਰਸ਼ਿਪ ਵਿਚ ਵੰਨ-ਸੁਵੰਨਤਾ, ਕੈਨੇਡੀਅਨਾਂ ਦੀ ਰਾਜਨੀਤਕ, ਆਰਥਿਕ ਅਤੇ ਸਮਾਜਿਕ ਜ਼ਿੰਦਗੀਆਂ 'ਤੇ ਅਸਰ ਪਾਉਣ ਵਾਲੇ ਵਿਚਾਰ-ਵਟਾਂਦਰਿਆਂ ਲਈ ਵੱਖ ਵੱਖ ਦ੍ਰਿਸ਼ਟੀਕੋਣ ਅੱਗੇ ਲਿਆਉਣ ਵਿਚ ਮਦਦ ਕਰਦੀ ਹੈ। ਤਾਜ਼ਾ ਖੋਜ ਇਹ ਸੰਕੇਤ ਕਰਦੀ ਹੈ ਕਿ ਆਪਣੀ ਲੀਡਰਸ਼ਿਪ ਅਤੇ ਵਰਕਰਾਂ ਦੀ ਵੰਨ-ਸੁਵੰਨਤਾ ਵਾਲੀਆਂ ਸੰਸਥਾਵਾਂ ਨੂੰ ਵੰਨ-ਸੁਵੰਨਤਾ ਦੀ ਘਾਟ ਵਾਲੀਆ ਸੰਸਥਾਵਾਂ ਦੇ ਮੁਕਾਬਲੇ ਵਿਚ ਫਾਇਦਾ ਹੁੰਦਾ ਹੈ। ਲੀਡਰਸ਼ਿਪ ਅਤੇ ਰੁਜ਼ਗਾਰ ਵਿਚ ਵੰਨ-ਸੁਵੰਨਤਾ:

- ਸਭ ਤੋਂ ਜ਼ਿਆਦਾ ਗੁਣਾਂ ਵਾਲੇ ਲੋਕਾਂ ਨੂੰ ਆਕਰਸ਼ਤ ਕਰਨ ਅਤੇ ਰੱਖਣ ਵਿਚ ਸੰਸਥਾਵਾਂ ਦੀ ਮਦਦ ਕਰਦੀ ਹੈ;
- ਗਾਹਕਾਂ ਅਤੇ ਨਵੀਂਆਂ ਮਾਰਕੀਟਾਂ ਨਾਲ ਤਕੜੇ ਸਬੰਧ ਪ੍ਰਦਾਨ ਕਰਦੀ ਹੈ;
- ਆਲੋਚਨਾਤਮਕ ਸੋਚਣੀ ਅਤੇ ਨਵੀਂਆਂ ਕਾਢਾਂ ਨੂੰ ਉਤਸ਼ਾਹ ਦਿੰਦੀ ਹੈ; ਅਤੇ
- ਸਮੁੱਚੀ ਮਾਇਕ ਅਤੇ ਸੰਸਥਾਈ ਕਾਰਗੁਜ਼ਾਰੀ ਵਿਚ ਸੁਧਾਰ ਕਰ ਸਕਦੀ ਹੈ।

ਬਿਹਤਰ ਅਮਲਾਂ ਦੇ ਆਪਣੇ ਰਿਵੀਊ ਰਾਹੀਂ ਇਸ ਪ੍ਰੋਜੈਕਟ ਨੇ ਕੁਝ ਅਜਿਹੇ ਕਦਮਾਂ ਦੀ ਪਛਾਣ ਕੀਤੀ ਹੈ ਜਿਹੜੇ ਸੰਸਥਾਵਾਂ ਕੰਮ ਵਾਲੀਆਂ ਥਾਂਵਾਂ ਅਤੇ ਪ੍ਰਬੰਧਕੀ ਢਾਂਚੇ ਨੂੰ ਜ਼ਿਆਦਾ ਸੁਆਗਤ ਕਰਨ ਵਾਲਾ ਅਤੇ ਸ਼ਾਮਲ ਕਰਨ ਵਾਲਾ ਬਣਾਉਣ ਲਈ ਚੁੱਕ ਸਕਦੀਆਂ ਹਨ ਜੋ ਕਿ ਸਭ ਤੋਂ ਜ਼ਿਆਦਾ ਗੁਣਾਂ ਵਾਲੇ ਲੋਕਾਂ ਨੂੰ ਆਕਰਸ਼ਤ ਕਰਨ ਅਤੇ ਰੱਖੀ ਰੱਖਣ। ਕੁਝ ਮੁੱਖ ਕਦਮਾਂ ਵਿਚ ਸ਼ਾਮਲ ਹਨ:

- ਵੰਨ-ਸੁਵੰਨਤਾ ਲਈ ਸੰਸਥਾਈ ਵਚਨਬੱਧਤਾ ਕਾਇਮ ਕਰੋ;
- ਵੰਨ-ਸੁਵੰਨਤਾ ਲਈ ਸੰਸਥਾਈ ਬਿਜ਼ਨਸ ਕੇਸ ਬਣਾਉ;
- ਸੁਚੇਤ ਤੌਰ 'ਤੇ ਜਾਂ ਅਣਜਾਣੇ ਤੌਰ 'ਤੇ ਪੱਖਪਾਤ ਵਾਲੀ ਭਰਤੀ, ਚੋਣ ਦੇ ਕਾਰਜਾਂ ਦੀ ਪੜਚੋਲ ਕਰੋ;
- ਸਟਾਫ ਅਤੇ ਮੈਨੇਜਰਾਂ ਨੂੰ ਵੰਨ-ਸੁਵੰਨਤਾ ਬਾਰੇ ਗਿਆਨ ਪ੍ਰਦਾਨ ਕਰੋ;
- ਲੀਡਰਸ਼ਿਪ ਦੇ ਵਿਕਾਸ ਅਤੇ ਜਾਨਸ਼ੀਨ ਬਣਾਉਣ ਲਈ ਪਲੈਨਿੰਗ ਲਈ ਮਦਦ ਕਰੋ; ਅਤੇ
- ਤਰੱਕੀ ਅਤੇ ਤਬਦੀਲੀ ਦੀ ਪੈੜ ਰੱਖੋ।




sparc bc
people. planning. positive change.

SOCIAL PLANNING & RESEARCH COUNCIL OF BRITISH COLUMBIA
4445 NORFOLK STREET, BURNABY, BC V5G 0A7

ਟੈਲੀਫੋਨ: 604-718-7733 ਫੈਕਸ: 604-736-8697
www.sparc.bc.ca